I-MASK+

ਵਰਜਨ 18 • 12 ਅਕਤੂਬਰ, 2021 • ਪੰਨਾ 1/3

COVID-19(ਕੋਵਿਡ-19) ਲਈ ਆਈ-ਮਾਸਕ+ ਪ੍ਰੋਫ਼ਾਇਲੈਕਸਿਜ਼ ਅਤੇ ਛੇਤੀ ਬਾਹਰੀ ਮਰੀਜ਼ ਦੇ ਇਲਾਜ ਲਈ ਪ੍ਰੋਟੋਕੋਲ

ਪ੍ਰੋਫ਼ਾਇਲੈਕਸਿਜ਼ ਪ੍ਰੋਟੋਕੋਲ (ਡੈਲਟਾ ਰੂਪ ਲਈ)

ਐਂਟੀ-ਵਾਇਰਲਸ ਅਤੇ ਐਂਟੀਸੈਪਟਿਕਸ	
ਆਇਵਰਮੇਕਟਿਨ[2] (Ivermectin)	**ਲਗਾਤਾਰ ਰੋਕਥਾਮ** ਪ੍ਰਤੀ ਖੁਰਾਕ 0.2 ਮਿਗ੍ਰਾ/ਕਿਗ੍ਰਾ (ਭੋਜਨ ਦੇ ਨਾਲ ਜਾਂ ਬਾਅਦ ਵਿੱਚ ਲਓ) — ਓਦੋਂ ਤੱਕ ਹਫ਼ਤੇ ਵਿੱਚ ਦੋ ਵਾਰ, ਜਦੋਂ ਤੱਕ ਤੁਹਾਡੇ ਭਾਈਚਾਰੇ ਵਿੱਚ ਬਿਮਾਰੀ ਵਧਿਆ ਹੋਇਆ ਹੈ। **ਬਾਅਦ COVID-19(ਕੋਵਿਡ-19) ਐਕਸਪੋਜ਼ਰ ਪ੍ਰੋਫ਼ਾਇਲੈਕਸਿਜ਼**[3] 0.4 ਮਿਗ੍ਰਾ/ਕਿਗ੍ਰਾ (ਖਾਣੇ ਦੇ ਨਾਲ ਜਾਂ ਬਾਅਦ ਵਿੱਚ ਲਓ) — ਪਹਿਲੀ ਖੁਰਾਕ ਅੱਜ, ਦੂਜੀ ਖੁਰਾਕ 48 ਘੰਟਿਆਂ ਵਿੱਚ
ਆਇਵਰਮੇਕਟਿਨ ਨੂੰ ਵਿਕਲਪਕ	ਨਾਈਜੇਲਾ ਸੈਟੀਵਾ[4] (ਕਾਲੇ ਜੀਰੇ ਦੇ ਬੀਜ) — 40 ਮਿਗ੍ਰਾ/ਕਿਗ੍ਰਾ ਰੋਜ਼ਾਨਾ ਜੇਕਰ ਆਇਵਰਮੇਕਟਿਨ ਉਪਲਬਧ ਨਾ ਹੋਵੇ ਜਾਂ ਸਰਵੋਤਮ ਰੋਕਥਾਮ ਲਈ ਆਇਵਰਮੇਕਟਿਨ ਵਿੱਚ ਜੋੜਿਆ ਜਾਵੇ ਤਾਂ ਵਰਤਿਆ ਜਾਣਾ।
ਗਾਰਗਲ ਮਾਊਥਵਾਸ਼	2 ਵਾਰ ਰੋਜ਼ਾਨਾ — ਗਰਾਰੇ ਕਰੋ (ਨਿਗਲੋ ਨਾ) ਸੀਟਲਪਾਇਰੀਡੀਨੀਅਮ ਕਲੋਰਾਈਡ (ਜਿਵੇਂ ਸਕੋਪTM, ਐਕਟTM, ਕ੍ਰੈਸਟTM), 1% ਪੋਵੀਡੋਨ/ਆਇਓਡੀਨ ਘੋਲ ਜਾਂ ਜ਼ਰੂਰੀ ਤੇਲਾਂ ਸਹਿਤ ਲਿਸਟ੍ਰੀਨTM ਐਂਟੀਸੈਪਟਿਕ ਮਾਊਥਵਾਸ਼ ਦੇ ਨਾਲ।
ਇਮਿਊਨ ਸਿਸਟਮ ਨੂੰ ਮਜ਼ਬੂਤ ਬਣਾਉਣ ਵਾਲੀ / ਸਹਾਇਕ ਥੈਰੇਪੀ	
ਵਿਟਾਮਿਨ ਡੀ3	1,000–3,000 ਆਈਯੂ/ਦਿਨ
ਵਿਟਾਮਿਨ ਸੀ	500–1,000 ਮਿਗ੍ਰਾ ਦਿਨ ਵਿੱਚ ਦੋ ਵਾਰ
ਕੁਏਰਸੇਟਿਨ	250 ਮਿਗ੍ਰਾ/ਦਿਨ
ਜ਼ਿੰਕ (ਤੱਤ ਜ਼ਿੰਕ)	30–40 ਮਿਗ੍ਰਾ/ਦਿਨ
ਮੇਲਾਟੋਨਿਨ	ਸੌਣ ਤੋਂ ਪਹਿਲਾਂ 6 ਮਿਗ੍ਰਾ(ਨੀਂਦ ਲਿਆਉਂਦੀ ਹੈ)

ਸ਼ੁਰੂਆਤੀ ਇਲਾਜ ਸੰਬੰਧੀ ਪ੍ਰੋਟੋਕੋਲ[5] (ਡੈਲਟਾ ਰੂਪ ਲਈ)

1. ਪਹਿਲੀ ਲਾਈਨ ਦੇ ਏਜੰਟ (ਕਿਸੇ ਵੀ ਜਾਂ ਸਾਰੀਆਂ ਦਵਾਈਆਂ ਦੀ ਵਰਤੋਂ ਕਰੋ; ਤਰਜੀਹ/ਮਹੱਤਤਾ ਦੇ ਕ੍ਰਮ ਵਿੱਚ ਸੂਚੀਬੱਧ)

ਐਂਟੀ-ਵਾਇਰਲ	
ਆਇਵਰਮੇਕਟਿਨ[2] (Ivermectin)	ਪ੍ਰਤੀ ਖੁਰਾਕ 0.4–0.6 ਮਿਗ੍ਰਾ/ਕਿਗ੍ਰਾ (ਭੋਜਨ ਦੇ ਨਾਲ ਜਾਂ ਬਾਅਦ ਵਿੱਚ ਲਓ) — ਇੱਕ ਖੁਰਾਕ ਰੋਜ਼ਾਨਾ, 5 ਦਿਨਾਂ ਲਈ ਜਾਂ ਠੀਕ ਹੋਣ ਤੱਕ ਲਓ ਉੱਪਰ ਦੱਸੀ ਗਈ ਖੁਰਾਕ ਲਓ, ਜੇਕਰ: 1) ਹਮਲਾਵਰ ਰੂਪਾਂ (ਉਦਾਹਰਣ ਵਜੋਂ ਡੈਲਟਾ) ਵਾਲੇ ਖੇਤਰਾਂ ਵਿੱਚ; 2) ਲੱਛਣਾਂ ਦੇ 5ਵੇਂ ਦਿਨ ਜਾਂ ਬਾਅਦ ਵਿੱਚ ਜਾਂ ਪਲਮਨਰੀ ਪੜਾਅ 'ਤੇ ਇਲਾਜ ਸ਼ੁਰੂ ਕੀਤਾ ਗਿਆ; ਜਾਂ 3) ਇੱਕ ਤੋਂ ਵੱਧ ਹੋਰ ਗੰਭੀਰ ਬਿਮਾਰੀਆਂ/ਜੋਖਮ ਕਾਰਕ।
ਅਤੇ/ਜਾਂ ਨਿਟਾਜ਼ੋਕਸਾਨਾਈਡ	5 ਦਿਨਾਂ ਲਈ ਭੋਜਨ ਤੋਂ ਬਾਅਦ 500 ਮਿਗ੍ਰਾ 2 ਵਾਰ ਰੋਜ਼ਾਨਾ। ਆਈਵਰਮੇਕਟਿਨ (ਤਰਜੀਹੀ) ਦੇ ਨਾਲ ਮਿਲਾਓ ਜਾਂ ਜੇਕਰ ਆਈਵਰਮੈਕਟਿਨ ਉਪਲਬਧ ਨਹੀਂ ਹੈ, ਤਾਂ ਇਸਦਾ ਬਦਲ। (ਨਿਟਾਜ਼ੋਕਸਾਨਾਈਡ ਅਕਸਰ ਉਪਲਬਧ ਨਹੀਂ ਹੁੰਦੀ ਜਾਂ ਉੱਚ ਕੀਮਤ ਵਾਲੀ ਹੁੰਦੀ ਹੈ)
ਐਂਟੀਸੈਪਟਿਕ ਐਂਟੀ-ਵਾਇਰਲਸ	
ਐਂਟੀਵਾਇਰਲ ਮਾਊਥਵਾਸ਼	ਰੋਜ਼ਾਨਾ 3 ਵਾਰ ਗਰਾਰੇ ਕਰੋ (ਨਿਗਲੋ ਨਾ; ਇਸ ਵਿੱਚ ਕਲੋਰਹੇਕਸਿਡੀਨ, ਪੋਵਿਡੋਨ-ਆਇਓਡੀਨ, ਜਾਂ ਸੀਟਲਪਾਇਰੀਡੀਨੀਅਮ ਕਲੋਰਾਈਡ ਜ਼ਰੂਰ ਹੋਣਾ ਚਾਹੀਦਾ ਹੈ)।
ਆਇਓਡੀਨ ਨੇਜ਼ਲ ਸਪਰੇਅ/ਤੁਪਕੇ	ਰੋਜ਼ਾਨਾ 2–3 ਵਾਰ ਦਿਸ਼ਾ-ਨਿਰਦੇਸ਼ਾਂ ਅਨੁਸਾਰ 1% ਪੋਵੀਡੋਨ-ਆਇਓਡੀਨ ਵਪਾਰਕ ਉਤਪਾਦ ਦੀ ਵਰਤੋਂ ਕਰੋ। ਜੇਕਰ 1%-ਉਤਪਾਦ ਉਪਲਬਧ ਨਹੀਂ ਹੈ, ਤਾਂ ਵਧੇਰੇ ਵਿਆਪਕ ਤੌਰ 'ਤੇ ਉਪਲਬਧ 10%-ਸੋਲਯੂਸ਼ਨ[6] ਨੂੰ ਪਹਿਲਾਂ ਪਤਲਾ ਕਰਨਾ ਜ਼ਰੂਰੀ ਹੈ ਅਤੇ ਹਰ 4 ਘੰਟਿਆਂ ਵਿੱਚ ਨੱਕ ਦੀ ਹਰੇਕ ਮੋਰੀ ਵਿੱਚ 4–5 ਤੁਪਕੇ ਪਾਓ। (ਗਰਭ-ਅਵਸਥਾ ਵਿੱਚ 5 ਦਿਨਾਂ ਤੋਂ ਵੱਧ ਸਮਾਂ ਨਾ ਵਰਤੋ।)

ਪੰਨਾ 2 'ਤੇ ਜਾਰੀ ਰੱਖੋ →




ਸਿਹਤ ਦੇਖਭਾਲ ਪ੍ਰਦਾਤਾ ਨਾਲ ਸਲਾਹ-ਮਸ਼ਵਰਾ ਕਰੋ

ਪ੍ਰੋਟੋਕੋਲ ਦੇ ਸਾਰੇ ਹਿੱਸਿਆਂ ਦੇ ਨਾਲ-ਨਾਲ ਟੀਕਾਕਰਣ ਦੀ ਭੂਮਿਕਾ ਬਾਰੇ ਵਿਚਾਰ-ਚਰਚਾ ਕਰੋ।[1]



ਮਾਸਕ ਪਹਿਨੋ

ਗੈਰ-ਘਰੇਲੂ ਮੈਂਬਰਾਂ ਦੇ ਨਾਲ ਸੀਮਤ, ਮਾੜੀ ਹਵਾਦਾਰ, ਭੀੜ-ਭੜੱਕੇ ਵਾਲੀਆਂ ਅੰਦਰੂਨੀ ਥਾਵਾਂ 'ਤੇ ਕੱਪੜੇ, ਸਰਜੀਕਲ, ਜਾਂ N95 ਮਾਸਕ ਪਹਿਨੋ।



ਦੂਰੀ ਰੱਖੋ

COVID-19(ਕੋਵਿਡ-19) ਸੰਕਟ ਦੇ ਅੰਤ ਤੱਕ, ਅਸੀਂ ਸਿਫਾਰਸ਼ ਕਰਦੇ ਹਾਂ ਕਿ ਸਰਵਜਨਿਕ ਸਥਾਨਾਂ 'ਤੇ ਉਹਨਾਂ ਲੋਕਾਂ ਤੋਂ ਲੱਗਭੱਗ2 ਮੀਟਰ / 6 ਫੁੱਟ ਦੀ ਘੱਟੋਘੱਟ ਦੂਰੀ ਬਣਾਏ ਰੱਖੋ ਜੋ ਤੁਹਾਡੇ ਆਪਣੇ ਘਰ ਤੋਂ ਨਾ ਹੋਣ।



ਹੱਥਾਂ ਨੂੰ ਧੋਵੋ

ਅਸੀਂ ਸਿਫਾਰਸ਼ ਕਰਦੇ ਹਾਂ, ਘਰ ਤੋਂ ਬਾਹਰ ਰਹਿਣ ਦੌਰਾਨ ਅਤੇ ਵਾਪਸ ਆਉਣ 'ਤੇ (ਸ਼ਾਪਿੰਗ, ਸਬਵੇ ਆਦਿ), ਹੱਥਾਂ ਦੀ ਇੱਕ ਚੰਗੀ ਤਰ੍ਹਾਂ ਨਾਲ ਧੁਲਾਈ ਕਰਨਾ(20–30 ਸਕਿੰਟ ਲਈ ਸਾਬਣ ਨਾਲ), ਜਾਂ ਇਸ ਵਿੱਚਕਾਰ ਇੱਕ ਹੱਥਾਂ ਦੇ ਕੀਟਾਣੂ-ਨਾਸ਼ਕ ਦੀ ਵਰਤੋਂ ਕਰਨਾ।

I-MASK+

ਵਰਜਨ 18 • 12 ਅਕਤੂਬਰ, 2021 • ਪੰਨਾ 2/3

COVID-19(ਕੋਵਿਡ-19) ਲਈ ਆਈ-ਮਾਸਕ+ ਪ੍ਰੋਫ਼ਾਇਲੈਕਸਿਜ਼ ਅਤੇ ਛੇਤੀ ਬਾਹਰੀ ਮਰੀਜ਼ ਦੇ ਇਲਾਜ ਲਈ ਪ੍ਰੋਟੋਕੋਲ

ਐਂਟੀ-ਕੋਐਗੂਲੈਂਟਸ / ਇੰਮਿਊਨ ਸਿਸਟਮ ਨੂੰ ਮਜ਼ਬੂਤ ਬਣਾਉਣ ਵਾਲੀਆਂ	
ਐਸਪ੍ਰੀਨ	325 ਮਿਗ੍ਰਾ/ਦਿਨ (ਜਦ ਤੱਕ ਕਿ ਵੱਖਰਾ ਨਾ ਦਰਸਾਇਆ ਜਾਵੇ)
ਵਿਟਾਮਿਨ ਡੀ	ਵਿਟਾਮਿਨ ਡੀ3: ਰੋਜ਼ਾਨਾ 5,000 ਆਈ.ਯੂ.। ਜੇਕਰ ਉਪਲਬਧ ਹੋਵੇ, ਤਾਂ ਪਸੰਦੀਦਾ ਰੂਪ: ਪਹਿਲੇ ਦਿਨ ਕੈਲਸੀਟ੍ਰੀਓਲ 0.5 ਮਾਈਕ੍ਰੋ.ਗ੍ਰਾ., ਫਿਰ 7 ਦਿਨਾਂ ਲਈ ਰੋਜ਼ਾਨਾ 0.25 ਮਾਈਕ੍ਰੋ.ਗ੍ਰਾ.
ਮੇਲਾਟੋਨਿਨ	10 ਮਿਗ੍ਰਾ ਸੌਣ ਤੋਂ ਪਹਿਲਾਂ(ਨੀਂਦ ਲਿਆਉਂਦੀ ਹੈ)
ਸਿਨਰਜਿਸਟਿਕ ਥੈਰੇਪੀਆਂ	
ਕੁਏਰਸੇਟਿਨ	250 ਮਿਗ੍ਰਾ ਦਿਨ ਵਿੱਚ ਦੋ ਵਾਰ
ਜ਼ਿੰਕ (ਤੱਤ ਜ਼ਿੰਕ)	100 ਮਿਗ੍ਰਾ/ਦਿਨ
ਵਿਟਾਮਿਨ ਸੀ	500–1,000 ਮਿਗ੍ਰਾ ਦਿਨ ਵਿੱਚ ਦੋ ਵਾਰ
ਪੋਸ਼ਣ ਸੰਬੰਧੀ ਉਪਚਾਰ	
ਕਰਕੁਮਿਨ (ਹਲਦੀ)	500 ਮਿਗ੍ਰਾ 2 ਵਾਰ ਰੋਜ਼ਾਨਾ
ਨਾਈਜੇਲਾ ਸੈਟੀਵਾ (ਕਾਲੇ ਜੀਰੇ ਦੇ ਬੀਜ)	80 ਮਿਗ੍ਰਾ/ਕਿਗ੍ਰਾ ਰੋਜ਼ਾਨਾ
ਸ਼ਹਿਦ	1 ਗ੍ਰਾਮ/ਕਿਗ੍ਰਾ ਰੋਜ਼ਾਨਾ
ਪਲਸ ਆਕਸੀਮੀਟਰ	
ਪਲਸ ਆਕਸੀਮੀਟਰ	ਆਕਸੀਜਨ ਸੈਚੁਰੇਸ਼ਨ ਦੀ ਨਿਗਰਾਨੀ ਦੀ ਸਿਫਾਰਸ਼ ਕੀਤੀ ਜਾਂਦੀ ਹੈ (ਦਿਸ਼ਾ-ਨਿਰਦੇਸ਼ਾਂ ਲਈ ਪੇਜ 3 ਦੇਖੋ)
2. ਦੂਜੀ ਲਾਈਨ ਦੇ ਏਜੰਟ (ਤਰਜੀਹ/ਮਹੱਤਤਾ ਦੇ ਕ੍ਰਮ ਵਿੱਚ ਸੂਚੀਬੱਧ) ਉਪਰੋਕਤ ਪਹਿਲੀ ਲਾਈਨ ਸੰਬੰਧੀ ਥੈਰੇਪੀਆਂ ਵਿੱਚ ਸ਼ਾਮਲ ਕਰੋ, ਜੇਕਰ: **1)** ਲੱਛਣ ≥ 5 ਦਿਨਾਂ ਤੋਂ ਹੋਣ; **2)** ਉਪਰੋਕਤ ਥੈਰੇਪੀਆਂ ਸੰਬੰਧੀ ਮਾੜੀ ਪ੍ਰਤੀਕਿਰਿਆ ਹੋਵੇ; **3)** ਨਾਲ ਚੱਲਣ ਵਾਲੀਆਂ ਮਹੱਤਵਪੂਰਣ ਗੰਭੀਰ ਬਿਮਾਰੀਆਂ ਹੋਣ।	
ਦੇਰੀ ਐਂਟੀ-ਐਂਡਰੋਜਨ ਥੈਰੇਪੀ	
1. ਸਪਾਇਰੋਨੋਲੈਕਟੋਨ	ਦਸ ਦਿਨਾਂ ਲਈ ਰੋਜ਼ਾਨਾ 100 ਮਿਗ੍ਰਾ 2 ਵਾਰ
2. ਫ਼ਿਊਸਟੇਰਾਈਡ	ਦਿਨ 1 ਨੂੰ 2 ਮਿਗ੍ਰਾ, ਇਸਤੋਂ ਬਾਅਦ 10 ਦਿਨਾਂ ਲਈ ਰੋਜ਼ਾਨਾ 1 ਮਿਗ੍ਰਾ। ਜੇਕਰ ਫ਼ਿਊਸਟੇਰਾਈਡ ਉਪਲਬਧ ਨਾ ਹੋਵੇ, ਤਾਂ 10 ਦਿਨਾਂ ਲਈ ਰੋਜ਼ਾਨਾ ਫਿਨਾਸਟੇਰਾਈਡ 10 ਮਿਗ੍ਰਾ ਵਰਤੋ।
ਫ਼ਲੂਵੋਕਸਾਮਾਈਨ	
ਫਲੂਵੋਕਸਾਮਾਈਨ [7] (Fluvoxamine)	10–14 ਦਿਨਾਂ ਲਈ 50 ਮਿਗ੍ਰਾ ਰੋਜ਼ਾਨਾ ਦੇ ਵਾਰ। ਇੱਕ ਵਿਕਲਪ ਦੇ ਰੂਪ ਵਿੱਚ 10 ਦਿਨਾਂ ਲਈ ਰੋਜ਼ਾਨਾ 30 ਮਿਗ੍ਰਾ ਫ਼ਲੂਓਕਸਾਟੀਨ ਲੈਣ 'ਤੇ ਵਿਚਾਰ ਕਰੋ (ਇਹ ਅਕਸਰ ਬਿਹਤਰ ਸਹਿਣ ਕੀਤੀ ਜਾਂਦੀ ਹੈ)। ਜੇਕਰ ਮਰੀਜ਼ ਪਹਿਲਾਂ ਹੀ ਐੱਸ.ਐੱਸ.ਆਰ.ਆਈ. (SSRI) 'ਤੇ ਹੈ, ਤਾਂ ਪਰਹੇਜ਼ ਕਰੋ।
ਮੋਨੋਕਲੋਨਲ ਐਂਟੀਬੌਡੀ ਥੈਰੇਪੀ	
ਕੈਸੀਰਿਵਿਮੈਬ/ ਇਮਡੇਵਿਮਾਬ [8]	ਚਮੜੀ ਦੇ ਹੇਠਾਂ ਇੱਕ ਸਿੰਗਲ ਇੰਜੈਕਸ਼ਨ ਵਿੱਚ ਹਰੇਕ ਵਿੱਚ 600 ਮਿ.ਗ੍ਰਾ। ਐਂਟੀਬੌਡੀ ਥੈਰੇਪੀ ਮਰੀਜ਼ਾਂ ਲਈ ਪਹਿਲੇ ਲੱਛਣਾਂ ਦੇ 7 ਦਿਨਾਂ ਦੇ ਅੰਦਰ ਹੁੰਦੀ ਹੈ **ਅਤੇ** ਇੱਕ ਜਾਂ ਵਧੇਰੇ ਜੋਖ਼ਮ ਦੇ ਕਾਰਕ ਹਨ, ਜਿਵੇਂ ਕਿ: ਉਮਰ > 65ਸਾਲ; ਬੀ.ਐੱਮ.ਆਈ. (BMI) > 25; ਗਰਭ-ਅਵਸਥਾ; ਪੁਰਾਣੀ ਫੇਫੜੇ, ਦਿਲ ਜਾਂ ਗੁਰਦੇ ਦੀ ਬਿਮਾਰੀ; ਡਾਇਬਿਟੀਜ਼; ਇਮਯੂਨੋਸਪ੍ਰੈਸਡ; ਵਿਕਾਸ ਸੰਬੰਧੀ ਅਯੋਗਤਾ; ਪੁਰਾਣੀ ਟ੍ਰੈਕੀਓਸਟੋਮੀ; ਜਾਂ ਫੀਡਿੰਗ ਟਿਊਬ।
3. ਤੀਜੀ ਲਾਈਨ ਏਜੰਟ ਜੇਕਰ ਹੇਠਾਂ ਦਿੱਤੇ ਮਾਪਦੰਡ ਪੂਰੇ ਹੁੰਦੇ ਹਨ, ਤਾਂ ਵਿਚਾਰ ਕਰੋ:	
ਕੋਰਟੀਕੋਸਟੀਰੋਇਡਜ਼	
ਪ੍ਰੀਡਨੀਸੋਨ ਜਾਂ ਮਿਥਾਈਲਪ੍ਰੈਡਨੀਸੋਲੋਨ	5 ਦਿਨਾਂ ਲਈ ਰੋਜ਼ਾਨਾ 1 mg/kg ਅਤੇ ਮਰੀਜ਼ ਦੇ ਜਵਾਬ ਦੇ ਅਨੁਸਾਰ ਹੌਲੀ ਟੇਪਰ ਜਾਂ ਵਾਧਾ ਹੁੰਦਾ ਹੈ। **ਮਾਪਦੰਡ:** ਪਹਿਲੇ ਲੱਛਣਾਂ ਤੋਂ 7–10 ਦਿਨ ਬਾਅਦ ਅਤੇ ਮਰੀਜ਼ ਨੂੰ ਜਾਂ ਤਾਂ: ਅਸਧਾਰਨ ਛਾਤੀ ਦਾ ਐਕਸ-ਰੇ, ਸਾਹ ਦੀ ਕਮੀ, ਜਾਂ 88–94 % ਦੀ ਆਕਸੀਜਨ ਸੰਤ੍ਰਿਪਤਾ। ਜੇਕਰ ਆਕਸੀਜਨ ਸੰਤ੍ਰਿਪਤਾ 88 % ਤੋਂ ਘੱਟ ਹੈ, ਤਾਂ ਐਮਰਜੈਂਸੀ ਰੂਮ ਮੁਲਾਂਕਣ ਦੀ ਮੰਗ ਕੀਤੀ ਜਾਣੀ ਚਾਹੀਦੀ ਹੈ।

ਕੋਵਿਡ-19 ਦੀ ਰੋਕਥਾਮ ਅਤੇ ਇਲਾਜ ਦੇ ਵਿਕਾਸ ਦੀ ਸੰਖੇਪ ਜਾਣਕਾਰੀ ਲਈ, ਕਿਰਪਾ ਕਰਕੇ www.flccc.net/covid-19-protocols 'ਤੇ ਜਾਓ।

ਨੋਟਸ

1 ਆਈ-ਮਾਸਕ+ ਪ੍ਰੋਟੋਕੋਲ ਟੀਕਿਆਂ ਤਕ ਇੱਕ ਪੁਲ ਹੈ ਅਤੇ ਉਨ੍ਹਾਂ ਵਿਅਕਤੀਆਂ ਲਈ ਇੱਕ ਸੁਰੱਖਿਆ ਜਾਲ ਹੈ, ਜੋ ਟੀਕਾ ਨਹੀਂ ਲਗਵਾ ਸਕਦੇ ਜਾਂ ਜਿਨ੍ਹਾਂ ਨੇ ਟੀਕਾਕਰਣ ਨਹੀਂ ਕਰਵਾਇਆ ਹੈ; ਜਾਂ ਟੀਕਾਕਰਣ ਕਰਵਾਇਆ ਹੈ ਅਤੇ ਉਨ੍ਹਾਂ ਨੂੰ ਉਭਰ ਰਹੇ ਰੂਪਾਂ ਦੇ ਵਿਰੁੱਧ ਸੁਰੱਖਿਆ ਵਿੱਚ ਗਿਰਾਵਟ ਬਾਰੇ ਚਿੰਤਾਵਾਂ ਹਨ। ਟੀਕਿਆਂ ਨੇ COVID-19 ਦੇ ਸਭ ਤੋਂ ਗੰਭੀਰ ਨਤੀਜਿਆਂ ਨੂੰ ਰੋਕਣ ਵਿੱਚ ਕਾਰਗਰਤਾ ਦਿਖਾਈ ਹੈ ਅਤੇ ਇਹ ਬਹੁ-ਥੈਰੇਪੀਆਂ ਵਾਲੀ ਰਣਨੀਤੀ ਦਾ ਇੱਕ ਮਹੱਤਵਪੂਰਣ ਹਿੱਸਾ ਹੈ, ਜਿਸ ਵਿੱਚ ਸ਼ੁਰੂਆਤੀ ਇਲਾਜ ਵੀ ਸ਼ਾਮਲ ਹੋਣਾ ਜ਼ਰੂਰੀ ਹੈ। ਟੀਕਾ ਲਗਵਾਉਣ ਦਾ ਫ਼ੈਸਲਾ ਤੁਹਾਡੇ ਸਿਹਤ ਦੇਖਭਾਲ ਪ੍ਰਦਾਤਾ ਨਾਲ ਸਲਾਹ ਮਸ਼ਵਰਾ ਕਰਕੇ ਲਿਆ ਜਾਣਾ ਚਾਹੀਦਾ ਹੈ।

2 ਇਸ ਖੁਰਾਕ ਵਿੱਚ ਅਪਡੇਟ ਕੀਤਾ ਜਾ ਸਕਦਾ ਹੈ ਜਦੋਂ ਹੋਰ ਵਿਗਿਆਨਕ ਅਧਿਐਨ ਹੋਣਗੇ। ਗਰਭਾਵਸਥਾ ਵਿੱਚ ਆਇਵਰਮੇਕਟਿਨ ਦੀ ਸੁਰੱਖਿਆ ਹਾਲੇ ਸਥਾਪਿਤ ਨਹੀਂ ਹੋਈ ਹੈ। ਵਰਤੋਂ ਤੋਂ ਪਹਿਲਾਂ ਫਾਇਦਿਆਂ ਮੁਕਾਬਲੇ ਜ਼ੋਖਮਾਂ ਦੀ ਚਰਚਾ ਤੁਹਾਡੇ ਪ੍ਰਦਾਤਾ ਨਾਲ ਹੋਣੀ ਚਾਹੀਦੀ ਹੈ, ਖਾਸ ਤੌਰ 'ਤੇ ਪਹਿਲੀ ਤਿਮਾਹੀ ਵਿੱਚ।

3 ਉਦੋਂ ਵਰਤੋਂ ਲਈ, ਜੇਕਰ ਘਰ ਦਾ ਕੋਈ ਮੈਂਬਰ COVID-19(ਕੋਵਿਡ-19) ਪਾਜ਼ੀਟਿਵ ਹੋਵੇ, ਜਾਂ ਤੁਸੀਂ ਬਿਨਾਂ ਮਾਸਕ ਪਹਿਨੇ COVID-19(ਕੋਵਿਡ-19)ਪਾਜ਼ੀਟਿਵ ਮਰੀਜ਼ ਦੇ ਸਾਹਮਣੇ ਲੰਮੇ ਸਮੇਂ ਲਈ ਰਹੇ ਹੋ।

4 ਪੋਸ਼ਣ ਸੰਬੰਧੀ ਥੈਰੇਪੀਆਂ ਅਤੇ ਇਹ COVID-19 ਵਿੱਚ ਕਿਵੇਂ ਮਦਦ ਕਰ ਸਕਦੀਆਂ ਹਨ, ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਦੇਖੋ: www.flccc.net/covid-19-protocols/nutritional-therapeutics

5 ਦੇਰੀ ਦੇ ਚਰਣ ਲਈ – ਹਸਪਤਾਲ ਵਿੱਚ ਰੱਖੇ ਮਰੀਜ਼ – www.flccc.net 'ਤੇ ਐਫਐਲਸੀਸੀਸੀ ਦੇ (FLCCC's) COVID-19 (ਕੋਵਿਡ-19) ਲਈ ਮੈਥ+ (MATH+) ਹਸਪਤਾਲ ਇਲਾਜ ਪ੍ਰੋਟੋਕੋਲ ਨੂੰ ਦੇਖੋ।

6 10% ਪੋਵੀਡੋਨ/ਆਇਓਡੀਨ ਦੇ ਘੋਲ ਵਿੱਚੋਂ 1% ਪੋਵੀਡੋਨ/ਆਇਓਡੀਨ ਗਾੜ੍ਹਾ ਘੋਲ ਬਣਾਉਣ ਲਈ, ਇਸਨੂੰ ਪਹਿਲਾਂ ਪਤਲਾ ਕਰਨਾ ਜ਼ਰੂਰੀ ਹੈ।

ਪਤਲਾ ਕਰਨ ਦੀ ਇੱਕ ਵਿਧੀ ਇਸ ਪ੍ਰਕਾਰ ਹੈ:
- ਪਹਿਲਾਂ 10% ਪੋਵੀਡੋਨ/ਆਇਓਡੀਨ ਦੇ ਘੋਲ ਦੇ 1 ½ ਵੱਡੇ ਚਮਚ (25 ਮਿ.ਲੀ.) 250 ਮਿ.ਲੀ. ਦੀ ਨੱਕ ਰਾਹੀਂ ਸਿੰਚਾਈ ਦੀ ਬੋਤਲ ਵਿੱਚ ਪਾਓ।
- ਫਿਰ ਸਿਖਰ ਤੱਕ ਡਿਸਟਿਲ ਕੀਤੇ, ਰੋਗਾਣੂ ਮੁਕਤ ਜਾਂ ਪਹਿਲਾਂ ਉਬਾਲੇ ਹੋਏ ਪਾਣੀ ਨਾਲ ਭਰੋ।
- ਸਿਰ ਨੂੰ ਪਿੱਛੇ ਵੱਲ ਝੁਕਾਓ, ਨੱਕ ਦੀ ਹਰੇਕ ਮੋਰੀ ਵਿੱਚ 4–5 ਤੁਪਕੇ ਪਾਓ। ਕੁਝ ਮਿੰਟਾਂ ਲਈ ਝੁਕੇ ਰਹੋ, ਫੇਰ ਵੱਗ ਲੈਣ ਦਿਓ।

7 ਕੁਝ ਵਿਅਕਤੀ ਜਿਨ੍ਹਾਂ ਨੂੰ ਫਲੂਵੋਕਸਮੀਨ (fluvoxamine) ਨਿਰਧਾਰਤ ਕੀਤਾ ਜਾਂਦਾ ਹੈ, ਗੰਭੀਰ ਚਿੰਤਾ ਦਾ ਅਨੁਭਵ ਕਰਦੇ ਹਨ ਜਿਸ ਦੀ ਤਜਵੀਜ਼ਸ਼ੁਦਾ ਕਲੀਨੀਅਨ ਦੁਆਰਾ ਖੁਦਕੁਸ਼ੀ ਜਾਂ ਹਿੰਸਕ ਵਿਵਹਾਰ ਨੂੰ ਰੋਕਣ ਲਈ ਨਿਯੰਤਰਣ ਕਰਨ ਅਤੇ ਉਨ੍ਹਾਂ ਨਾਲ ਇਲਾਜ ਕਰਨ ਦੀ ਜ਼ਰੂਰਤ ਹੈ.

8 ਇਸ ਦਵਾਈ ਲਈ ਇੱਕ ਇਨਫ਼ਿਊਸ਼ਨ ਕੇਂਦਰ ਦੀ ਜ਼ਰੂਰਤ ਹੁੰਦੀ ਹੈ।

I-MASK+

ਵਰਜਨ 18 • 12 ਅਕਤੂਬਰ, 2021 • ਪੰਨਾ 3/3

COVID-19(ਕੋਵਿਡ-19) ਲਈ ਆਈ-ਮਾਸਕ+ ਪ੍ਰੋਫ਼ਾਇਲੈਕਸਿਜ਼ ਅਤੇ ਛੇਤੀ ਬਾਹਰੀ ਮਰੀਜ਼ ਦੇ ਇਲਾਜ ਲਈ ਪ੍ਰੋਟੋਕੋਲ

ਵਾਧੂ ਜਾਣਕਾਰੀ

ਸਹਾਇਕ ਜਾਣਕਾਰੀ

ਡੈਲਟਾ ਰੂਪ ਲਈ ਆਈ-ਮਾਸਕ+ ਪ੍ਰੋਟੋਕੋਲ ਵਿੱਚ ਕਈ ਵਾਧਿਆਂ ਬਾਰੇ ਸਵਾਲ ਸਾਡੇ ਅਕਸਰ ਪੁੱਛੇ ਜਾਣ ਵਾਲੇ ਸਵਾਲਾਂ ਦੇ ਪੇਜ www.flccc.net/new-i-mask-faqs 'ਤੇ ਮਿਲ ਸਕਦੇ ਹਨ। ਇੱਥੇ ਤੁਹਾਨੂੰ ਸੁਰੱਖਿਆ ਅਤੇ ਵਧੇਰੇ ਖੁਰਾਕ ਦੀ ਜ਼ਰੂਰਤ www.flccc.net/flccc-information-evidence-for-safety-of-ivermectin, ਐਂਟੀ-ਐਂਡਰੋਜਨ ਥੈਰੇਪੀ ਦੀ ਮਹੱਤਵਪੂਰਣ ਭੂਮਿਕਾ, ਅਤੇ ਇੱਕ ਵਿਅਕਤੀਗਤ ਮਰੀਜ਼ ਦੇ ਇਲਾਜ ਵਿੱਚ ਪ੍ਰੋਟੋਕੋਲ ਦੇ ਵਰਤੋਂ ਕੀਤੇ ਜਾਣ ਵਾਲੇ ਘਟਕਾਂ ਦੀ ਸੰਖਿਆ ਬਾਰੇ ਮਾਰਗਦਰਸ਼ਨ ਬਾਰੇ ਜਵਾਬ ਮਿਲਣਗੇ।

ਆਈਵਰਮੈਕਟਿਨ ਦੀ ਪ੍ਰਭਾਵਸ਼ੀਲਤਾ

ਆਈਵਰਮੈਕਟਿਨ ਇੱਕ ਅਜਿਹੀ ਦਵਾਈ ਹੈ, ਜਿਸ ਦੀਆਂ ਹੁਣ ਚੰਗੀ ਤਰ੍ਹਾਂ ਬਿਆਨ ਕੀਤੀਆਂ, -ਸ਼ਕਤੀਸ਼ਾਲੀ ਐਂਟੀ-ਵਾਇਰਲ ਅਤੇ ਐਂਟੀ-ਇੰਫਲਾਮੇਟਰੀ ਵਿਸ਼ੇਸ਼ਤਾਵਾਂ ਦੇ ਚਲਦੇ, ਇਹ COVID-19 ਦੇ ਇਲਾਜ ਲਈ ਬੇਜੋੜ ਤਰੀਕੇ ਨਾਲ ਅਨੁਕੂਲ ਹੈ।

ਆਈਵਰਮੈਕਟਿਨ ਦੀ ਪ੍ਰਭਾਵਸ਼ੀਲਤਾ ਨੂੰ 64 ਨਿਯੰਤਰਿਤ ਟ੍ਰਾਇਲਾਂ ਦੇ ਨਤੀਜਿਆਂ ਦੁਆਰਾ ਸਮਰਥਤ ਕੀਤਾ ਗਿਆ ਹੈ, ਉਨ੍ਹਾਂ ਵਿੱਚੋਂ 32 ਬੇਤਰਤੀਬੇ ਕੀਤੇ ਗਏ ਸਨ, ਅਤੇ ਉਨ੍ਹਾਂ ਵਿੱਚੋਂ 16 ਡਬਲ ਬਲਾਈਂਡਡ, ਖੇਜ ਡਿਜ਼ਾਇਨ ਦਾ ਸੋਨੇ ਦਾ ਮਿਆਰ ਸਨ। ਇਹਨਾਂ ਟ੍ਰਾਇਲਾਂ ਦੇ ਸੰਖੇਪ (ਮੈਟਾ-ਵਿਸ਼ਲੇਸ਼ਣ) ਵਿੱਚ ਅੰਕੜਿਆਂ ਦੇ ਰੂਪ ਵਿੱਚ ਪ੍ਰਸਾਰ, ਠੀਕ ਹੋਣ ਦੇ ਸਮੇਂ, ਹਸਪਤਾਲ ਵਿੱਚ ਦਾਖ਼ਲ ਹੋਣ ਅਤੇ ਮੌਤਾਂ ਵਿੱਚ ਮਹੱਤਵਪੂਰਣ ਕਮੀ ਪਾਈ ਗਈ ਹੈ।

COVID-19 ਵਿੱਚ ਆਈਵਰਮੈਕਟਿਨ ਲਈ ਸਹਾਇਕ ਸਬੂਤਾਂ ਦੀ ਸੰਪੂਰਨਤਾ ਦਾ ਸਭ ਤੋਂ ਨਵੀਨਤਮ ਸੰਖੇਪ ਇੱਥੇ ਪਾਇਆ ਜਾ ਸਕਦਾ ਹੈ: www.flccc.net/flccc-summary-of-the-evidence-of-ivermectin-in-covid-19

ਅਖੀਰ ਵਿੱਚ, ਜਨਤਕ ਸਿਹਤ ਦੀ ਇੱਕ ਇਤਿਹਾਸਕ ਪ੍ਰਾਪਤੀ ਦੇ ਰੂਪ ਵਿੱਚ, 16 ਸਤੰਬਰ, 2021 ਤੱਕ, ਉੱਤਰ ਭਾਰਤ ਦੇ ਰਾਜ ਉੱਤਰ ਪ੍ਰਦੇਸ਼ ਨੇ ਆਪਣੇ COVID-19 ਪ੍ਰੋਟੋਕੋਲ ਵਿੱਚ ਆਈਵਰਮੈਕਟਿਨ ਨੂੰ ਸ਼ਾਮਲ ਕਰਨ ਤੋਂ ਬਾਅਦ 241 ਮਿਲੀਅਨ ਲੋਕਾਂ ਦੀ ਜਨਸੰਖਿਆ ਤੋਂ COVID ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸਮਾਪਤ ਕਰ ਦਿੱਤਾ ਹੈ (www.tinyurl.com/hindustantimes-101631267966925)। ਕਿਰਪਾ ਕਰਕੇ COVID-19 ਦੇ ਪ੍ਰਕੋਪ ਦੇ ਇਲਾਜ ਵਿੱਚ ਆਈਵਰਮੈਕਟਿਨ ਦੀ ਸਫ਼ਲਤਾ ਦੇ ਨਵੀਨਤਮ ਨਤੀਜੇ ਵੀ ਦੇਖੋ (www.flccc.net/ivermectin-in-covid-19/epidemiologic-analyses-on-covid19-and-ivermectin/)।

ਆਈਵਰਮੈਕਟਿਨ ਦੀ ਖੁਰਾਕ ਦਾ ਹਿਸਾਬ ਲਗਾਉਣਾ (0.2 ਮਿਗ੍ਰਾ ਪ੍ਰਤੀ ਕਿਗ੍ਰਾ)

ਸਰੀਰ ਭਾਰ ਕਨਵਰਜ਼ਨ (1 ਕਿਗ੍ਰਾ ≈ 2.2 ਪੌਂਡ) (ਖੁਰਾਕਾਂ ਦੀ ਭਾਰ ਲੜੀ ਦੀ ਉੱਪਰਲੇ ਸਿਰੇ ਪ੍ਰਤਿ ਗਣਨਾ ਕੀਤੀ ਗਈ)		**ਖੁਰਾਕ** 0.2 ਮਿਗ੍ਰਾ/ਕਿਗ੍ਰਾ ≈ 0.09 ਮਿਗ੍ਰਾ/ਪੌਂਡ (ਪ੍ਰਤਿ ਗੋਲੀ = 3 ਮਿਗ੍ਰਾ; ਖੁਰਾਕਾਂ ਨੂੰ ਉੱਪਰ ਦੱਸੀ ਅਧੀ ਗੋਲੀ ਦੇ ਕਰੀਬ ਰੱਖਿਆ ਗਿਆ)	
70–90 ਪੌਂਡ	32–40 ਕਿਗ੍ਰਾ	8 ਮਿਗ੍ਰਾ	(3 ਗੋਲੀਆਂ = 9 ਮਿਗ੍ਰਾ)
91–110 ਪੌਂਡ	41–50 ਕਿਗ੍ਰਾ	10 ਮਿਗ੍ਰਾ	(3,5 ਗੋਲੀਆਂ)
111–130 ਪੌਂਡ	51–59 ਕਿਗ੍ਰਾ	12 ਮਿਗ੍ਰਾ	(4 ਗੋਲੀਆਂ)
131–150 ਪੌਂਡ	60–68 ਕਿਗ੍ਰਾ	13,5 ਮਿਗ੍ਰਾ	(4,5 ਗੋਲੀਆਂ)
151–170 ਪੌਂਡ	69–77 ਕਿਗ੍ਰਾ	15 ਮਿਗ੍ਰਾ	(5 ਗੋਲੀਆਂ)
171–190 ਪੌਂਡ	78–86 ਕਿਗ੍ਰਾ	16 ਮਿਗ੍ਰਾ	(5,5 ਗੋਲੀਆਂ)
191–210 ਪੌਂਡ	87–95 ਕਿਗ੍ਰਾ	18 ਮਿਗ੍ਰਾ	(6 ਗੋਲੀਆਂ)
211–230 ਪੌਂਡ	96–104 ਕਿਗ੍ਰਾ	20 ਮਿਗ੍ਰਾ	(7 ਗੋਲੀਆਂ = 21 ਮਿਗ੍ਰਾ)
231–250 ਪੌਂਡ	105–113 ਕਿਗ੍ਰਾ	22 ਮਿਗ੍ਰਾ	(7,5 ਗੋਲੀਆਂ = 22,5 ਮਿਗ੍ਰਾ)
251–270 ਪੌਂਡ	114–122 ਕਿਗ੍ਰਾ	24 ਮਿਗ੍ਰਾ	(8 ਗੋਲੀਆਂ)
271–290 ਪੌਂਡ	123–131 ਕਿਗ੍ਰਾ	26 ਮਿਗ੍ਰਾ	(9 ਗੋਲੀਆਂ = 27 ਮਿਗ੍ਰਾ)
291–310 ਪੌਂਡ	132–140 ਕਿਗ੍ਰਾ	28 ਮਿਗ੍ਰਾ	(9,5 ਗੋਲੀਆਂ = 28,5 ਮਿਗ੍ਰਾ)

ਸਾਡੇ ਆਈ-ਮਾਸਕ+ ਪ੍ਰੋਟੋਕੋਲ ਵਿੱਚ ਵਰਤੀਆਂ ਗਈਆਂ ਉੱਚ ਖੁਰਾਕਾਂ ਲਈ, ਕਿਰਪਾ ਕਰਕੇ ਸਾਰਣੀ ਵਿੱਚ ਪਾਏ ਗਏ ਮੁੱਲ ਨੂੰ 0.2 ਮਿਗ੍ਰਾ/ਕਿਗ੍ਰਾ ਨਾਲ ਗੁਣਾ ਕਰੋ, ਉਦਾਹਰਣ ਵਜੋਂ:

- 0.4 ਮਿਗ੍ਰਾ/ਕਿਗ੍ਰਾ: 0.2 ਮਿਗ੍ਰਾ/ਕਿਗ੍ਰਾ ਦੀ ਦੁੱਗਣੀ ਖੁਰਾਕ
- 0.6 ਮਿਗ੍ਰਾ/ਕਿ.ਗ੍ਰਾ: 0.2 ਮਿਗ੍ਰਾ/ਕਿਗ੍ਰਾ ਦੀ ਤਿੱਗਣੀ ਖੁਰਾਕ

ਵਧੇਰੇ ਸਹੀ ਖੁਰਾਕ ਬਣਾਉਣ ਲਈ ਗੋਲੀਆਂ ਨੂੰ ਅੱਧਾ ਕੀਤਾ ਜਾ ਸਕਦਾ ਹੈ। ਫਿਰ ਇਸਨੂੰ ਉਪਰੋਕਤ ਲਗਭਗ ਅੱਧੀ ਗੋਲੀ ਤੱਕ ਪੂਰਾ ਬਣਾਓ।

ਨੋਟ ਕਰੋ ਕਿ ਆਈਵਰਮੈਕਟਿਨ ਦੇਸ਼ 'ਤੇ ਨਿਰਭਰ ਕਰਦੇ ਹੋਏ ਗੋਲੀਆਂ ਦੀਆਂ ਵੱਖ-ਵੱਖ ਸਟ੍ਰੈਂਥਾਂ (ਜਿਵੇਂ ਕਿ 3, 5 ਜਾਂ 6 ਮਿਗ੍ਰਾ ਦੇ ਨਾਲ) ਅਤੇ ਇਹਨਾਂ ਨੂੰ ਲੈਣ ਦੇ ਤਰੀਕਿਆਂ (ਟੈਬਲੇਟ, ਤੁਪਕੇ) ਅਨੁਸਾਰ ਉਪਲਬਧ ਹੈ (ਕਿਰਪਾ ਕਰਕੇ ਪੈਕੇਜ ਜਾਣਕਾਰੀ ਦੇਖੋ)। ਸਾਡੀ ਸਾਰਣੀ ਵਿੱਚ, ਅਸੀਂ 3 ਮਿਗ੍ਰਾ ਗੋਲੀਆਂ (ਯੂ.ਐੱਸ. ਵਿੱਚ ਪ੍ਰਤੀ ਗੋਲੀ ਦੀ ਸਭ ਤੋਂ ਆਮ ਖੁਰਾਕ) ਦੀ ਵਰਤੋਂ ਕਰਦਿਆਂ ਖੁਰਾਕਾਂ ਦਾ ਹਿਸਾਬ ਲਗਾਉਂਦੇ ਹਾਂ।

ਜੇਕਰ ਤੁਹਾਡੀਆਂ ਗੋਲੀਆਂ ਵਿੱਚ 3 ਮਿਗ੍ਰਾ ਦੀ ਬਜਾਏ ਆਈਵਰ-ਮੈਕਟਿਨ ਦੀ ਮਾਤਰਾ ਵੱਖਰੀ ਹੈ, ਤਾਂ ਤੁਹਾਨੂੰ ਲੋੜੀਂਦੀ ਆਈਵਰਮੈਕਟਿਨ ਦੀ ਖੁਰਾਕ ਦੇ ਬਰਾਬਰ ਗੋਲੀਆਂ ਦੀ ਸੰਖਿਆ ਦਾ ਹਿਸਾਬ ਲਗਾਉਣਾ ਪਵੇਗਾ।

ਪਲਸ ਆਕਸੀਮੀਟਰ (ਵਰਤੋਂ ਨਿਰਦੇਸ਼)

ਲਛਣਾਂ ਵਾਲੇ ਰੋਗੀਆਂ ਵਿੱਚ, ਘਰਾਂ ਵਿੱਚ ਨਿਗਰਾਨੀ ਲੈ ਪਲਸ ਆਕਸੀਮੀਟਰੀ ਦੀ ਸਿਫਾਰਸ਼ ਕੀਤੀ ਜਾਂਦੀ ਹੈ(ਬਿਨਾਂ ਲੱਛਣਾਂ ਵਾਲੇ ਹਾਈਪੋਕਸੀਆ ਕਾਰਨ)। ਘਰੇਲੂ ਪਲਸ ਆਕਸੀਮੀਟਰ ਦੀਆਂ ਕਮੀਆਂ ਦੀ ਪਛਾਣ ਕੀਤੀ ਜਾਣੀ ਚਾਹੀਦੀ ਹੈ, ਅਤੇ ਵੈਧ ਉਪਕਰਣਾਂ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਦਿਨ ਵਿੱਚ ਕਈ ਵਾਰ ਰੀਡਿੰਗਾਂ ਲੈਣੀਆਂ ਚਾਹੀਦੀਆਂ ਹਨ, ਅਤੇ ਇੱਕ ਹੇਠਾਂ ਵੱਲ ਜਾਂਦੇ ਰੁਖ ਨੂੰ ਅਸ਼ੁਭ ਮੰਨਿਆ ਜਾਣਾ ਚਾਹੀਦਾ ਹੈ। ਬੇਸਲਾਈਨ ਜਾਂ ਐਮਬੁਲੇਟਰੀ ਡੀ ਸੈਚੁਰੇਸ਼ਨ < 94% ਲਈ ਤੁਰੰਤ ਹਸਪਤਾਲ ਵਿੱਚ ਦਾਖਲ ਕਰਵਾਉਣਾ ਚਾਹੀਦਾ ਹੈ। ਅੱਗੇ ਦਿੱਤੇ ਮਾਰਗਦਰਸ਼ਨ ਦੀ ਸਲਾਹ ਦਿੱਤੀ ਜਾਂਦੀ ਹੈ:

- ਅੰਗੂਠੇ ਦੇ ਨਾਲ ਦੀ ਜਾਂ ਵਿਚਕਾਰਲੀ ਉਂਗਲ ਦੀ ਵਰਤੋਂ ਕਰੋ; ਪੈਰਾਂ ਦੀਆਂ ਉਂਗਲਾਂ ਜਾਂ ਕੰਨ ਦੀ ਲੈਲ ਤੋਂ ਬਚੋ
- ਇੱਕ ਮਜ਼ਬੂਤ ਪਲਸ ਸਿਗਨਲ ਨਾਲ ਜੁੜੇ ਮੁੱਲ ਹੀ ਸਵੀਕਾਰ ਕਰੋ
- ਸਭ ਤੋਂ ਜ਼ਿਆਦਾ ਸਾਂਝੇ ਮੁੱਲ ਦੀ ਪਛਾਣ ਕਰਨ ਲਈ 30–60 ਸਕਿੰਟਾਂ ਲਈ ਰੀਡਿੰਗਾਂ 'ਤੇ ਧਿਆਨ ਦਿਉ
- ਜਿਸ ਉਂਗਲ ਤੋਂ ਮਾਪ ਲੈਣਾ ਹੈ ਉਸ ਤੋਂ ਨੇਲਪਾਲਿਸ਼ ਉਤਾਰ ਦਿਉ
- ਮਾਪਣ ਤੋਂ ਪਹਿਲਾਂ ਠੰਡੇ ਹੱਥਾਂ-ਪੈਰਾਂ ਨੂੰ ਗਰਮ ਕਰ ਲਓ

ਬੇਦਾਅਵਾ

COVID-19(ਕੋਵਿਡ-19) ਲਈ ਆਈ-ਮਾਸਕ+ ਪ੍ਰੋਫ਼ਾਇਲੈਕਸਿਜ਼ ਅਤੇ ਛੇਤੀ ਬਾਹਰੀ ਮਰੀਜ਼ ਦੇ ਇਲਾਜ ਲਈ ਪ੍ਰੋਟੋਕੋਲ ਅਤੇ COVID-19(ਕੋਵਿਡ-19) ਲਈ ਮੈਥ+ਹਸਪਤਾਲ ਇਲਾਜ ਪ੍ਰੋਟੋਕੋਲ, COVID-19(ਕੋਵਿਡ-19)ਲਈ ਸੰਭਾਵਤ ਫਾਇਦੇਮੰਦ ਇਲਾਜਾਂ ਨਾਲ ਸਬੰਧਤ ਸਿਰਫ ਸਿੱਖਿਆ ਮੰਤਵਾਂ ਲਈ ਹਨ।ਕਦੇ ਵੀ ਪੇਸ਼ੇਵਰ ਡਾਕਟਰੀ ਸਲਾਹ ਨੂੰ ਅਣਗਹਿਲੀ ਨਾ ਕਰੋ ਇਸ ਕਰਕੇ ਕਿ ਤੁਸੀਂ ਸਾਡੀ ਵੈਬਸਾਈਟ ਤੋਂ ਅਤੇ ਸਾਡੇ ਦੁਆਰਾ ਜਾਰੀ ਹੋਇਆ ਕੁਝ ਪੜ੍ਹਿਆ ਹੈ। ਇਹ ਕਿਸੇ ਵੀ ਮਰੀਜ਼ ਦੀ ਪੇਸ਼ੇਵਰ ਡਾਕਟਰੀ ਸਲਾਹ, ਨਿਦਾਨ, ਜਾਂ ਇਲਾਜ ਲਈ ਇੱਕ ਬਦਲ ਨਹੀਂ ਹੈ। ਕਿਸੇ ਵਿਅਕਤੀਗਤ ਰੋਗੀ ਦਾ ਇਲਾਜ ਉਸਦੇ ਚਿਕਿਤਸਕ ਜਾਂ ਹੋਰ ਯੋਗਤਾ ਪ੍ਰਾਪਤ ਸਿਹਤ ਪ੍ਰਦਾਤਾ ਦੇ ਫੈਸਲੇ ਉੱਪਰ ਨਿਰਭਰ ਹੋਣਾ ਚਾਹੀਦਾ ਹੈ। ਹਮੇਸ਼ਾ ਤੁਹਾਡੀ ਸਿਹਤ ਜਾਂ ਡਾਕਟਰੀ ਹਾਲਤ ਬਾਰੇ ਤੁਹਾਡੇ ਕਿਸੇ ਵੀ ਤਰ੍ਹਾਂ ਦੇ ਪ੍ਰਸ਼ਨਾਂ ਲਈ ਉਹਨਾਂ ਤੋਂ ਸਲਾਹ ਲਓ।